## ਰਸੂਲਾਂ ਦਾ ਅਕਿਦਾ

ਮੈਂ ਸਰਬਸ਼ਕਤੀਮਾਨ ਪਿਤਾ, ਪਰਮੇਸ਼ਰ ਵਿਚ ਵਿਸ਼ਵਾਸ ਕਰਦਾ ਹਾਂ ਜੋ ਕਿ ਸਵਰਗ ਅਤੇ ਧਰਤੀ ਦਾ ਰਚਨਾਹਾਰ ਹੈ ।
ਮੈਂ, ਉਸ ਦੇ ਇਕਲੌਤੇ ਪੁਤਰ, ਯਿਸੂ ਮਸੀਹ, ਸਾਡੇ ਪ੍ਰਭੂ ਵਿਚ ਵਿਸ਼ਵਾਸ ਕਰਦਾ ਹਾਂ ਜੋ ਪਵਿਤਰ ਆਤਮਾ ਦੇ ਦੁਆਰਾ ਗਰਭ ਧਾਰਨ ਹੋਇਆ ਅਤੇ ਕੁਆਰੀ ਮਰੀਯਮ ਤੋਂ ਪੈਦਾ ਹੋਇਆ ।
ਉਸ ਨੇ ਪੌਂਤਯੁਸ ਪਿਲਾਤੁਸ ਦੇ ਰਾਜ ਵਿਚ ਦੁਖ ਸਹਿਨ ਕੀਤਾ,
ਉਸ ਨੂੰ ਸਲੀਬ ਦਿਤਾ ਗਿਆ,
ਉਹ ਮੋਇਆ ਅਤੇ ਦਫਨਾਇਆ ਗਿਆ ਸੀ ;
ਉਹ ਨਰਕ ਵਿਚ ਉਤਰਿਆ।
ਤੀਸਰੇ ਦਿਨ ਮੁਰਦਿਆਂ ਵਿਚੋਂ ਦੁਬਾਰਾ ਜੀ ਉਠਿਆ,
ਉਹ ਆਸਮਾਨ ਤੇ ਚੜ ਗਿਆ ਅਤੇ ਉਹ ਸਰਬਸ਼ਕਤੀਮਾਨ ਪਿਤਾ,
ਪਰਮੇਸ਼ਰ ਦੇ ਸਜੇ ਹੱਥ ਬਿਰਾਜਮਾਨ ਹੈ ।
ਉਥੋਂ ਉਹ ਜੀਉਂਦਿਆਂ ਅਤੇ ਮੁਰਦਿਆਂ ਦਾ ਨਿਆਂ ਕਰਨ ਲਈ ਆਵੇਗਾ।
ਮੈਂ ਪਵਿਤਰ ਆਤਮਾ ਵਿਚ,
ਪਵਿਤਰ ਸਰਵ-ਵਿਆਪਕ ਕਲੀਸੀਆ ਵਿਚ,
ਸੰਤਾਂ ਦੀ ਸੰਗਤੀ ਵਿਚ,
ਪਾਪਾਂ ਦੀ ਮੁਆਫੀ,
ਸਰੀਰ ਦੇ ਦੁਬਾਰਾ ਉਠਾਏ ਜਾਣ ਅਤੇ ਸਦੀਪਕ ਜੀਉਣ ਵਿਚ ਵਿਸ਼ਵਾਸ ਕਰਦਾਂ ਹਾਂ । ਆਮੀਨ

## ਨਾਇਕਾਯਾ ਦਾ ਅਕਿਦਾ

ਮੈਂ ਸਰਬਸ਼ਕਤੀਮਾਨ ਪਿਤਾ, ਪਰਮੇਸ਼ਰ ਵਿਚ ਵਿਸ਼ਵਾਸ ਕਰਦਾ ਹਾਂ ਜੋ ਕਿ ਸਵਰਗ ਅਤੇ ਧਰਤੀ ਦਾ ਅਤੇ ਸਭ ਦੇਖੀਆਂ ਅਤੇ ਅਨ ਦੇਖੀਆਂ ਚੀਜ਼ਾਂ ਦਾ ਰਚਨਾਹਾਰ ਹੈ ।
ਅਤੇ ਇਕ ਪ੍ਰਭੂ ਯਿਸੂ ਮਸੀਹ ਤੇ, ਜੋ ਪਰਮੇਸ਼ਰ ਪਿਤਾ ਦਾ ਇਕਲੌਤਾ ਪੁੱਤਰ ਹੈ, ਸਾਰੀ ਰਚਨਾ ਤੋਂ ਪਹਿਲੋਂ ਪਰਮੇਸ਼ਰ ਪਿਤਾ ਤੋਂ ਉਤਪੰਨ, ਪਰਮੈਸਰ ਤੋਂ ਪਰਮੇਸ਼ਰ, ਚਾਣਨ ਤੋਂ ਚਾਣਨ, ਹਕੀਕੀ ਪਰਮੇਸ਼ਰ ਤੋਂ ਹਕੀਕੀ ਪਰਮੇਸ਼ਰ, ਉਤਪੰਨ ਹੋਇਆ ਉਸ ਦੀ ਰਚਨਾ ਨਹੀਂ ਕੀਤੀ ਗਈ, ਓਸਿਦਾ ਅਤੇ ਪਿਤਾ ਦਾ ਇਕ ਹੀ ਪਾਰ ਅਤੇ ਮੂਲ-ਤੱਤ ਹੈ, ਉਸਦੇ ਦੁਆਰਾ ਹੀ ਸਭ ਚੀਜ਼ਾਂ ਦੀ ਰਚਨਾ ਹੋਈ; ਜੋ ਸਾਡੇ ਮਨੁੱਖਾਂ ਵਾਸਤੇ ਅਤੇ ਸਾਡੀ ਮੁਕਤੀ ਲਈ ਸਵਰਗ ਤੋਂ ਹੇਠਾਂ ਉਤੱਰ ਆਇਆ, ਪਵਿਤਰ ਆਤਮਾ ਦੇ ਦੁਆਰਾ ਗਰਭ ਧਾਰਨ ਹੋਇਆ ਕੁਅੰਾਰੀ ਮਰੀਯਮ ਤੋਂ ਪੈਦਾ ਹੋਇਆ ਅਰ ਮਨੁੱਖ ਦਾ ਸਰੀਰ ਧਾਰਨ ਕੀਤਾ।
ਉਹ ਪੌਂਤਯੁਸ ਪਿਲਾਤੁਸ ਦੇ ਰਾਜ ਵਿਚ ਸਾਡੇ ਖਾਤਰ ਸਲੀਬ ਦੀਤਾ ਗਿਆ, ਉਸ ਨੇ ਦੁਖ ਸਹਿਨ ਕੀਤਾ ਅਤੇ ਦਖ਼ਨ ਕੀਤਾ ਗਿਆ । ਤੀਜੇ ਦਿਨ ਪਵਿੱਤਰ ਵਚਣ ਦੇ ਅਨੁਸਾਰ ਜੀਵਿਤ ਹੋ ਉਠਿਆ, ਉਹ ਆਸਮਾਨ ਤੇ ਚੜ ਗਿਆ ਸਵਰਗ ਤੇ ਚੜ ਗਿਆ ਅਤੇ ਉਹ ਸਰਬਸ਼ਕਤੀਮਾਨ ਪਿਤਾ ਪਰਮੇਸ਼ਰ ਦੇ ਸਜੇ ਹੱਥ ਬਿਰਾਜਮਾਨ ਹੈ । ਅਤੇ ਉਹ ਮਾਹਿਮਾ ਨਾਲ ਜੀਉਂਦਿਆਂ ਅਤੇ ਮੁਰਦਿਆਂ ਦਾ ਨਿਆਂ ਕਰਨ ਲਈ ਫਿਰ ਆਵੇਗਾ, ਅਤੇ ਉਸ ਦੀ ਬਾਦਸ਼ਾਹੀ ਦਾ ਕੋਈ ਅੰਤ ਨਾ ਹੋਵੇਗਾ ।
ਮੈਂ ਪਵਿਤਰ ਆਤਮਾ ਵਿਚ ਵਿਸ਼ਵਾਸ ਕਰਦਾ ਹਾਂ ਜੋ ਪ੍ਰਭੂ ਹੈ ਅਤੇ ਜ਼ਿੰਦਗੀ ਬੱਖ਼ਸ਼ੱਨਹਾਰ ਹੈ; ਉਹ ਸਰਬਸ਼ਕਤੀਮਾਨ ਪਿਤਾ ਅਤੇ ਪੁੱਤਰ ਤੋਂ ਜਾਰੀ ਹੈ, ਉਸਦੀ ਸਰਬਸ਼ਕਤੀਮਾਨ ਪਿਤਾ ਅਤੇ ਪੁਤੱਰ ਦੇ ਨਾਲ ਪ੍ਰਸਤਿਸ਼ ਅਤੇ ਵਡਿਆਈ ਹੁੰਦੀ ਹੈ, ਅਤੇ ਉਹ ਨਬੀਆਂ ਦੁਆਰਾ ਬੋਲੀਆਂ ।
ਮੈਂ ਇਕ ਪਵਿਤਰ ਸਰਵ-ਵਿਆਪਕ ਕਲੀਸੀਆ ਵਿਚ ਵਿਸ਼ਵਾਸ ਰੱਖਦਾ ਹਾਂ, ਇਕ ਬਪਤਿਸਮੇਂ ਵਿਚ, ਜੋ ਪਾਪਾਂ ਦੀ ਮੁਆਫੀ ਲਈ ਹੈ, ਇਕਬਾਲ ਕਰਦਾਂ ਹਾਂ, ਅਤੇ ਮੁਰਦੇਆਂ ਦੀ ਕਿਆਮਤ ਅਤੇ ਆਣ ਵਾਲੇ ਜਹਾਣ ਅਤੇ ਸਦੀਪਕ ਜੀਉਣ ਦਾ ਇਨਤੇਜ਼ਾਰ ਕਰਦਾ ਹਾਂ । ਆਮੀਨ